# ਗੁਰੂ ਨਾਨਕ ਚਿੰਤਨ ਅਤੇ ਅਜੋਕਾ ਪੰਜਾਬ

**ਡਾ. ਆਤਮ ਸਿੰਘ ਰੰਧਾਵਾ**

ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ
✆ 98722-17273

ਗੁਰੂ ਨਾਨਕ ਦੇਵ ਜੀ ਦਾ ਫ਼ਲਸਫ਼ਾ ਮਨੁੱਖਤਾ, ਕਿਰਤ, ਸਚਾਈ ਅਤੇ ਸਰਬੱਤ ਦੇ ਭਲੇ ਦੀ ਅਦੁੱਤੀ ਸੋਚ ਦਾ ਪ੍ਰਗਟਾਵਾ ਹੈ। ਉਨ੍ਹਾਂ ਨੇ ਅੰਧਵਿਸ਼ਵਾਸ, ਜਾਤ-ਪਾਤ ਅਤੇ ਧਾਰਮਿਕ ਵੱਖਰੇਵਿਆਂ ਦਾ ਖੰਡਨ ਕਰਕੇ ਸਾਂਝੀਵਾਲਤਾ ਦਾ ਮਜ਼ਬੂਤ ਨਜ਼ਰੀਆ ਦਿੱਤਾ ਜੋ ਸਮਾਜ ਨੂੰ ਨੈਤਿਕਤਾ, ਸੰਵਾਦ, ਬਰਾਬਰੀ ਅਤੇ ਅਮਨ ਦਾ ਰਾਹ ਦਿਖਾਉਂਦਾ ਹੈ। ਜਦੋਂ ਪੰਜਾਬ ਅੱਜ ਇਤਿਹਾਸ ਦੇ ਇਕ ਨਾਜ਼ੁਕ ਮੋੜ ’ਤੇ ਖੜ੍ਹਾ ਹੈ ਅਤੇ ਭਾਰਤ ਸਮੇਤ ਅਜੋਕਾ ਵਿਸ਼ਵ ਹੀ ਸੰਕਟਗ੍ਰਸਤ ਹੈ। ਸਾਰੀ ਮਨੁੱਖਤਾ ਇਕ ਚੌਰਾਹੇ ’ਤੇ ਆ ਖੜ੍ਹੀ ਹੈ। ਸਾਡੇ ਲਈ ਇਸ ਸਮੇਂ ਸਹੀ ਮੋੜ, ਸਹੀ ਰਾਹ ਦੀ ਚੋਣ ਜ਼ਰੂਰੀ ਹੈ। ਪਹਿਲਾਂ ਅਸੀਂ ਆਪਣੀਆਂ ਜੜ੍ਹਾਂ, ਆਪਣੇ ਅਮੀਰ ਫ਼ਲਸਫ਼ੇ ਨਾਲੋਂ ਟੁੱਟ ਕੇ ਪੱਛਮੀ ਵਿਚਾਰਧਾਰਾ ਦੀ  ਪਦਾਰਥ, ਪੈਸੇ ਅਤੇ ਪਾਵਰ ਦੀ ਅੰਨ੍ਹੀ ਦੌੜ ਵਿਚ ਸ਼ਾਮਲ ਹੋ ਗਏ ਅਤੇ ਗਹਿਰੇ ਸੰਕਟਾਂ ਦੇ ਸ਼ਿਕਾਰ ਹੋ ਗਏ। ਇਨ੍ਹਾਂ ਸੰਕਟਾ ‘ਚੋਂ ਨਿਕਲਣ ਦਾ ਹੱਲ ਬਾਹਰੋਂ ਨਹੀਂ ਆਵੇਗਾ। ਹੱਲ ਸਾਡੇ ਆਪਣੇ ਫ਼ਲਸਫ਼ੇ ਵਿਚ ਪਿਆ ਹੈ। ਹੁਣ ਇਸ ਫ਼ਲਸਫ਼ੇ ਨੂੰ ਅਮਲ ਵਿਚ ਲਿਆ ਕੇ ਟੁੱਟੀ ਹੋਈ ਲੜੀ ਨੂੰ ਮੁੜ ਜੋੜਨ ਦੀ ਲੋੜ ਹੈ। ਇਸ ਸੰਦਰਭ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ਲਸਫ਼ਾ ਨਵੇਂ ਸਿਰੇ ਤੋਂ ਪੜ੍ਹਨ ਤੇ ਵਿਚਾਰਨ ਦੀ ਸਖ਼ਤ ਲੋੜ ਹੈ, ਕਿਉਂਕਿ ਇਸ ਵਿਚ ਪੇਸ਼ ਹੋਈਆਂ ਅੰਤਰ-ਦ੍ਰਿਸ਼ਟੀਆਂ ਅੱਜ ਦੇ ਪੰਜਾਬ ਅਤੇ ਸਮੁੱਚੇ ਵਿਸ਼ਵ ਲਈ ਇਕ ਨੈਤਿਕ ਦਿਸ਼ਾ, ਸਮਾਜਿਕ ਦ੍ਰਿਸ਼ਟੀ ਅਤੇ ਟਿਕਾਊ ਭਵਿੱਖ ਦਾ ਬੁਨਿਆਦੀ ਆਧਾਰ ਪੇਸ਼ ਕਰਦੀਆਂ ਹਨ।

(I)

ਗੁਰੂ ਨਾਨਕ ਚਿੰਤਨ ਕੋਈ ਸਥਿਰ ਧਾਰਮਿਕ ਸਿਧਾਂਤ ਨਹੀਂ-ਇਹ ਹਰ ਯੁੱਗ ਦੀਆਂ ਸਮੱਸਿਆਵਾਂ ਨਾਲ ਸਿੱਧਾ ਮੁਖ਼ਾਤਿਬ ਹੋਣ ਵਾਲਾ ਜੀਵੰਤ ਦਰਸ਼ਨ ਹੈ। ਪੰਦਰਵੀਂ ਸਦੀ ਵਿਚ ਜਦੋਂ ਭਾਰਤ ਜਾਤੀ-ਵਿਤਕਰੇ, ਧਾਰਮਿਕ ਕੱਟੜਤਾ, ਅੰਧ-ਵਿਸ਼ਵਾਸ਼ਾਂ, ਅਨਿਆਂ, ਜ਼ੁਲਮ, ਲੁੱਟ-ਖਸੁੱਟ, ਔਰਤ ਦਮਨ ਅਤੇ ਪਾਖੰਡੀ ਵਰਤਾਰਿਆਂ ਵਿਚ ਡੁੱਬਿਆ ਹੋਇਆ ਸੀ, ਤਾਂ ਗੁਰੂ ਜੀ ਨੇ ਇਕ ਨਵੀਂ ਸਮਾਜਿਕ ਦ੍ਰਿਸ਼ਟੀ ਪੇਸ਼ ਕੀਤੀ। ਗੁਰੂ ਨਾਨਕ ਜੀਵਨ ਅਤੇ ਸਿੱਖਿਆਵਾਂ ਵੀ ਕੇਵਲ ਧਾਰਮਿਕ ਨਹੀਂ ਸਗੋਂ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਵਾਤਾਵਰਣਕ ਦ੍ਰਿਸ਼ਟੀਕੋਣ ਤੋਂ ਵੀ ਇਕ ਸੰਪੂਰਨ ਫ਼ਲਸਫ਼ਾ ਹੈ। ਵਿਦਵਾਨਾਂ ਨੇ ਗੁਰੂ ਨਾਨਕ ਚਿੰਤਨ ਨੂੰ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਵਿਸ਼ਲੇਸ਼ਣ ਕਰਦਿਆਂ ਉਨ੍ਹਾਂ ਨੂੰ ਮਹਾਨ ਸਮਾਜ-ਸੁਧਾਰਕ ਵੀ ਮੰਨਿਆਂ ਹੈ। ਉਨ੍ਹਾਂ ਦੇ ਦਰਸ਼ਨ ਵਿਚ ਸਮਾਜਿਕ ਏਕਤਾ, ਆਰਥਿਕ ਨਿਆਂ ਅਤੇ ਰਾਜਨੀਤਕ ਸੁਤੰਤਰਤਾ ਦੀ ਪ੍ਰੇਰਣਾ ਅਨਿੱਖੜਵੇਂ ਰੂਪ ਵਿਚ ਪਈ ਹੈ ਅਤੇ ਇਸਦੇ ਨਾਲ ਹੀ ਜਾਤੀ ਤੇ ਲਿੰਗਕ ਵਿਤਕਰੇ ਦੀ ਥਾਂ ਬਰਾਬਰੀ ਆਧਾਰਿਤ ਸਮਾਜ ਦੀ ਸਿਰਜਣਾ, ਕੁਦਰਤ-ਸੰਭਾਲ ਦਾ ਸੰਦੇਸ਼ ਤੇ ਇਕ ਪ੍ਰਭਾਵਸ਼ਾਲੀ ਨੈਤਿਕ ਢਾਂਚਾ ਪ੍ਰਸਤੁਤ ਹੁੰਦਾ ਹੈ।

ਗੁਰੂ ਨਾਨਕ ਚਿੰਤਨ ਜਿਨ੍ਹਾਂ ਸਿਧਾਂਤਾਂ ਦੀ ਅਖੰਡ ਏਕਤਾ ਉੱਤੇ ਅਧਾਰਿਤ ਹੈ, ਉਨ੍ਹਾਂ ਵਿਚ; ੧ੴ (ਇਕ ਓਅੰਕਾਰ; ਸਮੁੱਚੀ ਸ੍ਰਿਸ਼ਟੀ ਵਿਚ ਇੱਕੋ ਸੱਚ/ਪਰਮਾਤਮਾ ਦੀ ਹੋਂਦ), ‘ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ’ (ਸਚੀ ਕਮਾਈ, ਨਾਮ ਸਿਮਰਨ ਅਤੇ ਸਾਂਝੀਵਾਲਤਾ ਦਾ ਸੁਮੇਲ) ਅਤੇ ‘ਸਰਬੱਤ ਦਾ ਭਲਾ’ (ਸਾਰੀ ਮਨੁੱਖਤਾ ਦੀ ਸਮੂਹਿਕ ਭਲਾਈ) ਪ੍ਰਮੁੱਖ ਹਨ। ਗੁਰੂ ਨਾਨਕ ਦੇਵ ਜੀ ਦੇ ਸਮੇਂ  ਸਮਾਜ ਵਿਚ ਬਹੁ-ਦੇਵਵਾਦ, ਜਾਤ-ਪਾਤ, ਛੂਤ-ਛਾਤ ਅਤੇ ਕਰਮਕਾਂਡਾਂ ਦਾ ਬੋਲਬਾਲਾ ਸੀ। ਹਰ ਕੰਮ ਲਈ ਵੱਖਰੇ ਦੇਵੀ-ਦੇਵਤੇ, ਬ੍ਰਾਹਮਣ ਤੋਂ ਸ਼ੂਦਰ ਤੱਕ ਊਚ-ਨੀਚ ਦੀਆਂ ਪਰਤਾਂ, ਔਰਤ ਦੀ ਨੀਵੀਂ ਦਰਜੇਬੰਦੀ ਅਤੇ ਹਿੰਦੂ-ਮੁਸਲਮਾਨ ਵਿਚਕਾਰ ਡੂੰਘੀਆਂ ਵੰਡੀਆਂ ਤੇ ਤਿੱਖਾ ਟਕਰਾਅ ਸੀ। ਰੱਬ ਤੱਕ ਪਹੁੰਚਣ ਲਈ ਵੀ ਪੁਜਾਰੀ ਜਾਂ ਮੌਲਵੀ ਨੂੰ ਵਿਚੋਲਾ ਮੰਨਿਆ ਜਾਂਦਾ ਸੀ। ਇਸ ਸਭ ਦੇ ਉਲਟ, ਗੁਰੂ ਸਾਹਿਬ ਨੇ ‘ਇਕ ਓਅੰਕਾਰ’ ਰਾਹੀਂ ਸੰਦੇਸ਼ ਦਿੱਤਾ ਕਿ ਸਮੁੱਚੀ ਸ੍ਰਿਸ਼ਟੀ ਵਿਚ ਇੱਕੋ ਪ੍ਰਮਾਤਮਾ ਹੈ, ਸਭ ਵਿਚ ਉਸੇ ਦੀ ਜੋਤ ਹੈ, ਅਤੇ ਕੋਈ ਉੱਚਾ ਨਹੀਂ, ਕੋਈ ਨੀਵਾਂ ਨਹੀਂ। ਵੰਡੀਆਂ ਮਨੁੱਖ ਦੀ ਸੀਮਤ ਸੋਚ ਦੀ ਉਪਜ ਹਨ। ਗੁਰੂ ਨਾਨਕ ਨੇ ਇਨ੍ਹਾਂ ਸਭ ਵੰਡੀਆਂ ਨੂੰ ਰੱਦ ਕਰਕੇ ‘ਇਕ ਓਅੰਕਾਰ’ ਦੇ ਸੱਚ ਨੂੰ ‘ਸਭਨਾ ਜੀਆ ਕਾ ਇਕੁ ਦਾਤਾ’ (ਗੁਰੂ ਗ੍ਰੰਥ ਸਾਹਿਬ, ਅੰਗ ੨), ‘ਦੂਜਾ ਕਉਣੁ ਕਹਾ ਨਹੀ ਕੋਈ॥ ਸਭ ਮਹਿ ਏਕੁ ਨਿਰੰਜਨੁ ਸੋਈ॥’ ਅਤੇ ‘ਏਕੋ ਹੁਕਮੁ


**www.sanvad.org**
ISSN : 2395-1273

ਵਰਤੈ ਸਭ ਲੋਈ॥ ਏਕਸੁ ਤੇ ਸਭ ਓਪਤਿ ਹੋਈ॥' (ਗੁਰੂ ਗ੍ਰੰਥ ਸਾਹਿਬ, ਅੰਗ ੨੨੩) ਆਦਿ ਅਨੇਕ ਵਾਰ ਸਮਝਾਇਆ ਹੈ।

ਗੁਰੂ ਨਾਨਕ ਦੇਵ ਜੀ ਦਾ ਤਿੰਨ ਸੂਤਰੀ ਉਪਦੇਸ਼ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਕੇਵਲ ਧਾਰਮਿਕ ਵਾਕ ਨਹੀਂ, ਸਗੋਂ ਇਕ ਸੰਪੂਰਨ ਜੀਵਨ-ਦਰਸ਼ਨ ਹੈ ਜੋ ਵਿਅਕਤੀਗਤ ਨੈਤਿਕਤਾ, ਅਧਿਆਤਮਿਕ ਚੇਤਨਾ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਇਕ ਸੂਤਰ ਵਿਚ ਪਰੋਂਦਾ ਹੈ। ਕਿਰਤ ਕਰੋ ਦੇ ਉਪਦੇਸ਼ ਰਾਹੀਂ ਗੁਰੂ ਜੀ ਨੇ ਇਮਾਨਦਾਰ ਮਿਹਨਤ ਅਤੇ ਸੱਚੀ ਕਮਾਈ ਨੂੰ ਮਨੁੱਖੀ ਜੀਵਨ ਦੀ ਬੁਨਿਆਦ ਵਜੋਂ ਸਥਾਪਿਤ ਕੀਤਾ। ਵਿਹਾਰਕ ਜੀਵਨ ਵਿਚ ਵੀ ਗੁਰੂ ਨਾਨਕ ਲਈ ਮਲਕ ਭਾਗੋ ਨਹੀਂ, ਕਿਰਤੀ ਭਾਈ ਲਾਲੋ ਪ੍ਰਥਮ ਹੈ। ਉਨ੍ਹਾਂ ਦੀ ਕਸਵੱਟੀ 'ਤੇ ਅਜਿਹਾ ਪੰਡਿਤ ਵੀ ਖ਼ਰਾ ਨਹੀਂ ਉਤਰਦਾ ਜੋ ਪਰਮਾਤਮਾ ਦੇ ਭਜਨ ਤਾਂ ਗਾਂਉਂਦਾ ਹੈ ਪਰ ਆਪ ਸਮਝ ਤੋਂ ਸੱਖਣਾ ਹੈ ; ਭਾਵ, ਇਸ ਭਜਨ ਗਾਣ ਨੂੰ ਉਹ ਰੋਜ਼ੀ-ਰੋਟੀ ਦਾ ਸਾਧਨ ਬਣਾਈ ਰੱਖਦਾ ਹੈ, ਪਰ ਸਮਝ ਉੱਚੀ ਨਹੀਂ ਕਰ ਸਕਿਆ ਅਤੇ ਇਸੇ ਤਰ੍ਹਾਂ ਅਜਿਹੇ ਮੁੱਲਾਂ, ਜੋਗੀ-ਫ਼ਕੀਰ ਵੀ ਨਹੀਂ ਖ਼ਰੇ ਨਹੀਂ। ਭੁੱਖ ਦੇ ਮਾਰੇ ਹੋਏ ਮੁੱਲਾਂ ਦੀ ਮਸੀਤ ਵੀ ਰੋਜ਼ੀ-ਰੋਟੀ ਦੀ ਖ਼ਾਤਰ ਹੀ ਹੈ ਅਤੇ ਹੋਰ ਵੀ ਨਖੱਟੂ ਲੋਕ ਹੱਡ-ਹਰਾਮੀ ਹੋਣ ਕਰਕੇ ਕੰਨ ਪੜਵਾ ਲੈਂਦੇ ਹਨ, ਜੋਗੀ-ਫ਼ਕੀਰ-ਪੀਰ ਬਣ ਬਹਿੰਦੇ ਹਨ ਪਰ ਰੋਟੀ ਦਰ-ਦਰ ਤੋਂ ਮੰਗਦੇ ਫਿਰਦੇ ਹਨ। ਉਨ੍ਹਾਂ ਦੀ ਕਸਵੱਟੀ 'ਤੇ ਉਹ ਹੀ ਖ਼ਰਾ ਹੈ ਜੋ ਆਪਣੀ ਕਿਰਤ ਕਰਦਾ ਹੈ ਤੇ ਮਿਹਨਤ ਨਾਲ ਕਮਾ ਕੇ ਦੂਜੇ ਲੋੜਵੰਦਾਂ ਨੂੰ ਵੀ ਦਿੰਦਾ ਹੈ, ਉਹੀ ਜ਼ਿੰਦਗੀ ਦਾ ਸਹੀ ਰਸਤਾ ਪਛਾਣਦਾ ਹੈ:

*ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥*
*ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥*
*ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥*
*ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ॥*

(ਗੁਰੂ ਗ੍ਰੰਥ ਸਾਹਿਬ, ਅੰਗ ੧੨੪੫)

ਕਿਰਤ ਕਰਨ ਦੇ ਸਭਿਆਚਾਰ ਨੂੰ ਮਜ਼ਬੂਤ ਕਰਨਾ ਸਮਾਜਿਕ ਅਤੇ ਆਰਥਿਕ ਸੁਧਾਰ ਦਾ ਪਹਿਲਾ ਕਦਮ ਹੈ। ਗੁਰੂ ਜੀ ਨੇ ਆਪ ਕਰਤਾਰਪੁਰ ਵਿਚ ਖੇਤੀ ਕਰਕੇ ਇਸ ਉਪਦੇਸ਼ ਨੂੰ ਅਮਲੀ ਰੂਪ ਦਿੱਤਾ ਅਤੇ ਸਮਾਜ ਲਈ ਹੱਥੀਂ ਕਿਰਤ ਕਰਨ ਦੀ ਮਿਸਾਲ ਕਾਇਮ ਕੀਤੀ। ਇਸਦੇ ਨਾਲ ਹੀ 'ਨਾਮ ਜਪਣ' ਦਾ ਸੰਕਲਪ ਇਸ ਬਾਹਰੀ ਕਿਰਤ ਨੂੰ ਅੰਦਰੂਨੀ ਅਧਿਆਤਮਿਕ ਚੇਤਨਾ ਨਾਲ ਜੋੜਦਾ ਹੈ, ਤਾਂ ਜੋ ਮਨੁੱਖ ਕੇਵਲ ਭੌਤਿਕ ਸਫਲਤਾ ਦੇ ਪਿੱਛੇ ਨਾ ਭੱਜੇ, ਸਗੋਂ ਮਨ ਦੀ ਸ਼ੁੱਧਤਾ, ਨੈਤਿਕ ਸੰਤੁਲਨ ਅਤੇ ਬੁੱਧ ਵਿਵੇਕ ਨਾਲ ਜੀਵੇ ਅਤੇ ਲੋੜਵੰਦਾਂ ਨਾਲ ਵੰਡ ਕੇ ਛਕੇ। 'ਘਾਲਿ ਖਾਇ ਕਿਛੁ ਹਥਹੁ ਦੇਇ' ਭਾਵ 'ਕਿਰਤ ਕਰੋ' ਤੇ 'ਵੰਡ ਛਕੋ' ਦਾ ਸੰਕਲਪ ਆਰਥਿਕ ਸਮਾਨਤਾ ਅਤੇ ਸਮਾਜਿਕ ਨਿਆਂ ਦਾ ਇਕ ਕ੍ਰਾਂਤੀਕਾਰੀ ਸੰਕਲਪ ਹੈ, ਜਿਸਦਾ ਵਿਹਾਰਕ ਪ੍ਰਮਾਣ ਪੰਗਤ ਤੇ ਲੰਗਰ-ਪ੍ਰਥਾ ਵਿਚ ਦਿਖਾਈ ਦਿੰਦਾ ਹੈ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦਾ ਇਹ ਦਰਸ਼ਨ ਕਿਰਤ, ਸੱਚੀ ਕਮਾਈ, ਨਾਮ-ਸਿਮਰਨ, ਪੰਗਤ, ਸੰਗਤ ਅਤੇ ਸਰਬ-ਸਾਂਝੀਵਾਲਤਾ ਦੇ ਸੁਮੇਲ ਰਾਹੀਂ ਇਕ ਭਾਈਚਾਰਕ ਸਾਂਝ, ਬਰਾਬਰੀ ਵਾਲੇ, ਨਿਆਂਪੂਰਨ ਅਤੇ ਸੰਤੁਲਿਤ ਉਸ ਸਮਾਜ ਦੀ ਸਿਰਜਣਾ ਦੇ ਰਾਹੇ ਪਾਉਂਦਾ ਹੈ ਜਿਥੇ 'ਸਰਬੱਤ ਦਾ ਭਲਾ' ਹੈ। ਜਿਵੇਂ ਅਸੀਂ ਪਹਿਲਾਂ ਚਰਚਾ ਕਰ ਆਏ ਹਾਂ ਕਿ ਗੁਰੂ ਜੀ ਦੇ ਸਮਿਆਂ ਵਿਚ ਭਾਰਤ ਧਾਰਮਿਕ ਅਤੇ ਸਮਾਜਿਕ ਵਿਤਕਰਿਆਂ ਵਿਚ ਡੁੱਬਿਆ ਸੀ। ਗੁਰੂ ਨਾਨਕ ਦੇਵ ਜੀ ਨੇ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਸੰਦੇਸ਼ ਦੇ ਕੇ ਧਾਰਮਿਕ ਕੱਟੜਤਾ ਅਤੇ ਸੰਪਰਦਾਇਕ ਭੇਦਾਂ ਨੂੰ ਮੂਲੋਂ ਚੁਣੌਤੀ ਦਿੱਤੀ। ਉਨ੍ਹਾਂ ਨੇ ਜਾਤ-ਪਾਤ ਨੂੰ ਰੱਦ ਕਰਕੇ ਸੰਗਤ, ਪੰਗਤ ਤੇ ਲੰਗਰ ਸੰਸਥਾ ਸਥਾਪਿਤ ਕੀਤੀ, ਜਿੱਥੇ ਰਾਜਾ ਅਤੇ ਰੰਕ ਬਰਾਬਰ ਬੈਠਦੇ। ਸਰਬੱਤ ਸੰਗਤ ਧਾਰਮਿਕ ਸਦਭਾਵਨਾ ਤੇ ਸਮੂਹਿਕ ਸਮਾਜਿਕ ਬਰਾਬਰ ਜ਼ਿੰਮੇਵਾਰੀ ਵਿਚ ਜੁੜਦੀ ਹੈ। 'ਸਰਬੱਤ ਦਾ ਭਲਾ' ਦਾ ਸੰਕਲਪ ਇਕ ਸਮਾਜਿਕ-ਨੈਤਿਕ ਵਚਨਬੱਧਤਾ ਹੈ ਜੋ ਵਿਅਕਤੀ ਨੂੰ ਆਪਣੇ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਸਮੁੱਚੀ ਮਾਨਵਤਾ ਅਤੇ ਕੁਦਰਤ ਦੇ ਕਲਿਆਣ ਲਈ ਸੋਚਣ ਅਤੇ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਅਜੋਕੇ ਪੰਜਾਬ ਵਿਚ ਜਿੱਥੇ ਨਿੱਜੀ ਸੁਆਰਥ, ਜਾਤੀਵਾਦ, ਸੰਪਰਦਾਇਕਤਾ, ਭ੍ਰਿਸ਼ਟਾਚਾਰ ਅਤੇ ਸੱਤਾ-ਕੇਂਦਰਿਤ ਰਾਜਨੀਤੀ ਨੇ ਸਮਾਜਿਕ ਤਾਣੇ-ਬਾਣੇ ਨੂੰ ਤਾਰ-ਤਾਰ ਕਰ ਦਿੱਤਾ ਹੈ, ਉਥੇ ਇਹ ਸੰਕਲਪ ਕਈ ਪੱਧਰਾਂ ਉੱਤੇ ਵਿਹਾਰਕ ਦਿਸ਼ਾ ਦਿੰਦਾ ਹੈ। ਕਿਸਾਨੀ ਸੰਕਟ ਵਿਚ ਇਹ ਸਹਿਕਾਰੀ ਖੇਤੀ ਅਤੇ ਸਾਂਝੇ ਸੰਘਰਸ਼ ਦੀ ਨੀਂਹ ਬਣਦਾ ਹੈ। ਵਾਤਾਵਰਣ ਸੰਕਟ ਵਿਚ ਇਹ ਧਰਤੀ, ਪਾਣੀ ਅਤੇ ਹਵਾ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖਣ ਦੀ ਨੈਤਿਕ ਜ਼ਿੰਮੇਵਾਰੀ ਬਣ ਜਾਂਦਾ ਹੈ ਅਤੇ

ਫਿਰਕਾਪ੍ਰਸਤੀ ਦੇ ਦੌਰ ਵਿਚ ਇਹ ਧਰਮ, ਜਾਤ, ਲਿੰਗ ਅਤੇ ਵਰਗ ਤੋਂ ਉੱਪਰ ਉੱਠ ਕੇ ਸਰਬ-ਸਾਂਝੀ ਮਾਨਵੀ ਪਛਾਣ ਦਿੰਦਾ ਹੈ। ਸੋ 'ਸਰਬੱਤ ਦਾ ਭਲਾ' ਅਜੋਕੇ ਪੰਜਾਬ ਲਈ ਨਾ ਸਿਰਫ਼ ਇਕ ਅਧਿਆਤਮਿਕ ਆਦਰਸ਼ ਹੈ, ਸਗੋਂ ਸਮਾਜਿਕ ਨਿਆਂ, ਵਾਤਾਵਰਣੀ ਸੰਤੁਲਨ ਅਤੇ ਸੰਤੁਲਿਤ ਤੇ ਟਿਕਾਊ ਵਿਕਾਸ ਦਾ ਵਿਹਾਰਕ ਰੋਡਮੈਪ ਵੀ ਹੈ। ਜਦੋਂ ਸਮੁੱਚੀ ਸ੍ਰਿਸ਼ਟੀ ਵਿਚ 'ਇਕ ਓਅੰਕਾਰ' ਜੋ 'ਸਭ ਮਹਿ ਏਕੁ ਨਿਰੰਜਨੁ ਸੋਈ', ਸਭ ਵਿਚ ਉਸੇ ਦੀ ਜੋਤ ਹੈ ਅਤੇ ਕੋਈ ਉਚ-ਨੀਚ ਨਹੀਂ ਤਾਂ ਸਮਾਜ ਵਿਚ ਔਰਤ ਜਾਂ ਦਲਿਤ ਨੂੰ ਮੰਦਾ ਆਖ ਕੇ, ਵਰਤਾਅ ਕਰਕੇ ਪੀੜਾ ਦਾ ਭਾਗੀ ਕਿਉਂ ਬਣਾਇਆ ਜਾਂਦਾ ਹੈ! ਅਸਲ ਵਿਚ ਭਾਰਤੀ ਵਰਣ-ਵਿਵਸਥਾ, ਬ੍ਰਾਹਮਣਵਾਦੀ ਵਿਵਸਥਾ ਅਤੇ ਇਸਲਾਮਿਕ ਸਮਾਜਿਕ ਸਿਸਟਮ ਵਿਚ ਤਰਕ-ਰਹਿਤ ਤੇ ਨਿਆਂ-ਰਹਿਤ ਦਰਜੇਬੰਦੀ ਕਾਰਨ ਔਰਤ ਅਤੇ ਦਲਿਤ ਨੇ ਪੀੜ ਤੇ ਮਾਨਸਿਕ ਸੰਤਾਪ ਹੰਡਾਇਆ। ਗੁਰੂ ਕਾਲ ਵਿਚ ਔਰਤ ਗ਼ੁਲਾਮੀ, ਸਤੀ ਪ੍ਰਥਾ ਅਤੇ ਬਾਲ-ਵਿਆਹ ਵਰਗੀਆਂ ਕੁਰੀਤੀਆਂ ਆਮ ਸਨ ਅਤੇ ਅਸਹਿ ਸਮਾਜਿਕ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਸੀ। ਗੁਰੂ ਨਾਨਕ ਸਾਹਿਬ ਦਲਿਤ ਅਤੇ ਔਰਤਾਂ ਦੀ ਬਰਾਬਰੀ ਦੀ ਜ਼ੋਰਦਾਰ ਵਕਾਲਤ ਕਰਦੇ, ਇਕ ਵਿਵੇਕ ਵੀ ਸਿਰਜਦੇ ਹਨ ਅਤੇ ਪੀੜਤ ਧਿਰ ਨਾਲ ਖੜ੍ਹਦੇ ਵੀ ਹਨ:

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥* (ਗੁਰੂ ਗ੍ਰੰਥ ਸਾਹਿਬ, ਅੰਗ ੧੫)

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥* (ਗੁਰੂ ਗ੍ਰੰਥ ਸਾਹਿਬ, ਅੰਗ ੪੭੩)

ਗੁਰੂ ਨਾਨਕ ਸਾਹਿਬ ਆਪਣੇ ਸਮਿਆਂ ਵਿਚ ਇਕ ਪਾਸੇ ਭਾਰਤੀ ਵਰਣ-ਵਿਵਸਥਾ, ਬ੍ਰਾਹਮਣਵਾਦੀ ਤੇ ਅਮਾਨਵੀ ਵਿਵਸਥਾ ਦਾ ਪ੍ਰਤੀਰੋਧ ਸਿਰਜਦੇ ਹਨ ਅਤੇ ਦੂਜੇ ਪਾਸੇ ਪਹਿਲਾਂ ਲੋਧੀ ਤੇ ਫਿਰ ਮੁਗ਼ਲ ਹਕੂਮਤ ਦੇ ਜ਼ੁਲਮ ਤੇ ਬੇਇਨਸਾਫ਼ ਵਰਤਾਰਿਆਂ ਨੂੰ ਚੁਣੌਤੀ ਦਿੰਦੇ ਹਨ। ਇਸ ਵਿਚੋਂ ਉਭਰਦੇ ਮੂਲ ਸਿਧਾਂਤਾਂ ਦੀ ਬਹੁਕੋਣੀ ਦ੍ਰਿਸ਼ਟੀ ਅਸਲ ਵਿਚ 15ਵੀਂ ਸਦੀ ਦੇ ਸਮਾਜ ਵਿਚ ਫੈਲੇ ਜਾਤ-ਪਾਤ, ਵਿਤਕਰੇ, ਅੰਧ-ਵਿਸ਼ਵਾਸ਼, ਧਾਰਮਿਕ ਵੱਖਰੇਵੇਂ ਤੇ ਦੰਭ, ਆਰਥਿਕ ਅਸਾਵੇਂਪਣ ਅਤੇ ਰਾਜਨੀਤਿਕ ਅਨਿਆਂ ਨੂੰ ਸਿੱਧੀ ਵੰਗਾਰ ਹੈ।

ਗੁਰੂ ਨਾਨਕ ਦੇਵ ਜੀ ਜਦੋਂ ਮੂਲ-ਮੰਤਰ ਵਿਚ ਰੱਬ ਨੂੰ ਪਰਿਭਾਸ਼ਤ ਕਰਦੇ ਹਨ ਤਾਂ ਇਸ ਦੁਨਿਆਵੀ ਗੁਣਾਂ-ਔਗੁਣਾਂ ਦੇ ਉਲਟ ਇਕੋ-ਇਕ ਅਜਿਹੇ ਸੱਚ ਦੀ ਗੱਲ ਕਰਦੇ ਹਨ ਜੋ ਨਿਰਭਉ ਨਿਰਵੈਰੁ ਹੈ। ਅਜਿਹੇ ਪਰਮ ਗੁਣਾਂ ਦੇ ਵਰਣਨ ਦਾ ਇਕ ਅਰਥ ਦੁਨਿਆਵੀ ਪੱਧਰ 'ਤੇ ਭੈਅ ਵਿਚ ਵਿਚਰਦੇ ਸਧਾਰਨ ਮਨੁੱਖ ਨੂੰ 'ਨਿਰਭਉ ਨਿਰਵੈਰੁ' ਦੀ ਰਹਿਨੁਮਾਈ ਹੇਠ ਧਰਮੀ ਕਰਮੀ, ਵੈਰ ਰਹਿਤ ਤੇ ਨਿਰਭੈਅ ਮਨੁੱਖ ਬਣਨ ਲਈ ਪ੍ਰੇਰਿਤ ਕਰਨਾ ਹੈ। ਗੁਰੂ ਨਾਨਕ ਦੇਵ ਜੀ ਦਾ ਵਧੇਰੇ ਜ਼ੋਰ ਇਸੇ ਉਪਰ ਹੈ, ਕਿਉਂਕਿ ਸੱਤਾਧਾਰੀ ਭੈਅ ਸਿਰਜ ਕੇ ਪਰਜਾ ਦਾ ਹੱਕ ਮਾਰਦੇ ਹਨ। ਹੱਕ ਦੀ ਗੱਲ ਕਰਨ ਵਾਲਿਆਂ 'ਤੇ ਅਤਿਆਚਾਰ ਕਰਕੇ ਡਰਾ ਲੈਂਦੇ ਹਨ। ਗੁਰੂ ਨਾਨਕ ਦੇਵ ਜੀ ਸਮਾਜਕ ਤੇ ਰਾਜਨੀਤਕ ਤੌਰ 'ਤੇ ਆਪਣੇ ਸਮਕਾਲ ਪ੍ਰਤੀ ਬਹੁਤ ਚੇਤੰਨ ਸਨ। ਉਨ੍ਹਾਂ ਸਮਕਾਲੀ ਰਾਜ ਪ੍ਰਬੰਧ, ਰਾਜਿਆਂ ਤੇ ਉਨ੍ਹਾਂ ਦੇ ਅਹਿਲਕਾਰਾਂ ਦੀ ਪਛਾਣ ਇਸ ਤਰ੍ਹਾਂ ਕਰਾਈ ਹੈ:

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥* (ਗੁਰੂ ਗ੍ਰੰਥ ਸਾਹਿਬ, ਅੰਗ ੧੪੫ )

*ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥*
*ਚਾਕਰ ਨਹਦਾ ਪਾਇਨਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥*
*ਜਿਥੈ ਜੀਆ ਹੋਸੀ ਸਾਰ ॥ ਨਕੀ ਵਢੀ ਲਾਇਤਬਾਰ ॥* (ਗੁਰੂ ਗ੍ਰੰਥ ਸਾਹਿਬ, ਅੰਗ ੧੨੮੮)

ਜਦੋਂ ਰਾਜ ਕਸਾਈ ਰਾਜਿਆਂ ਦੇ ਹੱਥਾਂ ਵਿਚ ਹੋਵੇ, ਉਹ ਧਰਮ-ਕਰਮ ਛੱਡ ਗਏ ਹੋਣ, ਕੂੜ ਦੀ ਹਨੇਰੀ ਰਾਤ ਵਿਚ ਸੱਚ ਦੇ ਚੰਨ ਦਾ ਕਿਤੇ ਰਾਹ ਨਾ ਦਿਸਦਾ ਹੋਵੇ ਤਾਂ ਸੱਚ ਦੀ ਤਲਾਸ਼ ਚਿੰਤਤ ਕਰਦੀ ਹੈ। ਗੁਰੂ ਨਾਨਕ ਦੇਵ ਜੀ ਤਿੱਖੇ ਪ੍ਰਤੀਕਾਂ ਤੇ ਬਿੰਬਾਂ ਰਾਹੀਂ ਹਾਕਮ ਜਮਾਤ ਦੀ ਆਦਮਖ਼ੋਰੀ ਬਿਰਤੀ ਨੂੰ ਕਸਾਈਆਂ, ਸ਼ੇਰਾਂ, ਕੁੱਤਿਆਂ,


**www.sanvad.org**
ISSN : 2395-1273

ਬੇਇਤਬਾਰੇ ਤੇ ਬੇਸ਼ਰਮਾਂ ਦੇ ਰੂਪ ਵਿਚ ਪ੍ਰਗਟ ਕਰਦੇ ਹਨ ਜੋ ਲੋਕਾਂ ਦਾ ਘਾਤ ਕਰਦੀ, ਉਨ੍ਹਾਂ ਦਾ ਖ਼ੂਨ ਪੀਂਦੀ ਹੈ। ਸੋ ਇਸ ਤਰ੍ਹਾਂ ਦੇ ਅਨਿਆਂ, ਹਨੇਰ-ਗਰਦੀ ਤੇ ਕੁਫ਼ਰ ਦੇ ਪ੍ਰਬੰਧ ਨੂੰ ਤੋੜਨ ਵਾਸਤੇ ਹੱਕ-ਸੱਚ 'ਤੇ ਚਲਣ ਵਾਲੇ ਯੋਧਿਆਂ ਕੋਲ

*ਸਚ ਕੀ ਕਾਤੀ ਸਚੁ ਸਭੁ ਸਾਰੁ ॥ ਘਾੜਤ ਤਿਸਕੀ ਅਪਰ ਅਪਾਰ॥*
*ਸਬਦੇ ਸਾਣ ਰਖਾਈ ਲਾਇ ॥ ਗੁਣ ਕੀ ਥੇਕੈ ਵਿਚਿ ਸਮਾਇ ॥* (ਗੁਰੂ ਗ੍ਰੰਥ ਸਾਹਿਬ, ਅੰਗ ੯੫੬)

'ਸਚ ਕੀ ਕਾਤੀ ਸਚੁ ਸਭੁ ਸਾਰ' ਭਾਵ ਗਿਆਨ, ਵਿਵੇਕ ਜਾਂ ਸੱਚ ਦਾ ਹਥਿਆਰ ਹੁੰਦਾ ਹੈ ਜੋ ਉਹ ਕੂੜ ਤੇ ਅਨਿਆਂ ਦੇ ਖਿਲਾਫ਼ ਵਰਤਦੇ ਹਨ। ਸਿੱਖੀ ਵਿਚ ਹੱਕ ਸੱਚ 'ਤੇ ਚਲਣ ਲਈ ਸਿਰ ਦੇਣ ਤਕ ਦੀ ਵੰਗਾਰ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥* (ਗੁਰੂ ਗ੍ਰੰਥ ਸਾਹਿਬ, ਅੰਗ ੧੪੧੦)

'ਸਿਰੁ ਧਰਿ ਤਲੀ ਗਲੀ ਮੇਰੀ ਆਉ' ਅਤੇ 'ਸਿਰ ਦੀਜੈ ਕਾਨਿ ਨ ਕੀਜੈ' ਦੇ ਸ਼ਬਦ ਸਾਣ 'ਤੇ ਲੱਗੇ ਹਥਿਆਰ ਹੀ ਹਨ ਜੋ ਹਨੇਰੇ ਸਮਿਆਂ ਵਿਚ ਮਨੁੱਖ ਦੀ ਨਿਰਭੈਅ ਮਾਨਸਿਕਤਾ ਦੀ ਸਿਰਜਣਾ ਕਰਦੇ ਹਨ। ਇਹ ਨਿਰਭੈਅਤਾ ਹੀ ਬਾਬਰ ਨੂੰ ਜ਼ਾਬਰ ਕਹਿ ਸਕਦੀ ਹੈ। ਇਹ ਦ੍ਰਿਸ਼ਟੀ ਹੀ ਹੱਕ-ਸੱਚ 'ਤੇ ਪਹਿਰਾ ਦੇਣ ਵਾਲੀ ਸਮਾਜਕ ਸ਼ਕਤੀ ਪੈਦਾ ਕਰਦੀ ਹੈ ਅਤੇ ਨਿਆਂ ਲੈਣ ਲਈ ਸਿਰ ਤਲੀ 'ਤੇ ਧਰਨ ਵਾਲੀ ਮਾਨਸਿਕਤਾ ਸਿਰਜਦੀ ਹੈ। ਇਸ ਸਿੱਖੀ ਸਿਧਾਂਤ ਦੇ ਅਮਲ ਵਿਚ ਹੀ ਹੱਕ-ਸੱਚ, ਨਿਆਂ ਅਤੇ ਜ਼ੁਲਮ ਦੇ ਵਿਰੁੱਧ, ਸੰਘਰਸ਼ ਦਾ ਲੰਬਾ ਇਤਿਹਾਸ ਹੈ। ਸਿੱਖ ਸਿਧਾਂਤ ਤੇ ਉਸ 'ਤੇ ਅਮਲ ਦੀ ਜਿਸ ਪਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤਾ। ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨਾਂ ਤੇ ਗੁਰਮੁਖਾਂ ਨੇ ਇਸਨੂੰ ਸਮੇਂ ਸਮੇਂ ਅੱਗੇ ਤੋਰਿਆ। ਇਸ ਤਰ੍ਹਾਂ ਸਿੱਖੀ ਵਿਚ ਵਿਚਾਰਧਾਰਕ ਧਰਾਤਲ (ਬਾਣੀ ਸਿਧਾਂਤ) ਅਤੇ ਜੀਵਨ-ਮਾਰਗ (ਇਤਿਹਾਸ) ਦੋਵਾਂ ਵਿਚ ਅਨਿਆਂ ਤੇ ਜ਼ਬਰ ਪ੍ਰਤੀ ਪ੍ਰਤੀਰੋਧ ਪਿਆ ਹੈ। ਬਾਣੀ ਬ੍ਰਾਹਮਣਵਾਦ ਸਮੇਤ ਹਰੇਕ ਤਰ੍ਹਾਂ ਦੀ ਕੱਟੜਤਾ, ਦਮਨ, ਦੰਭ, ਪਾਖੰਡ ਤੇ ਅੰਧ-ਵਿਸ਼ਵਾਸ਼ੀ ਵਰਤਾਰਿਆਂ ਦਾ ਖੰਡਨ ਕਰਦੀ ਹੈ। ਇਸੇ ਦੇ ਸਮਾਂਨੰਤਰ ਮੁਗਲਾਂ ਦੇ ਉਸ ਜ਼ਬਰ-ਜ਼ੁਲਮ ਦੇ ਰਾਜ ਦਾ ਅਮਲੀ ਵਿਰੋਧ ਵੀ ਹੈ ਜਿਸਨੇ ਪਰਜਾ ਨੂੰ ਮਜ਼ਲੂਮ, ਬੇਬੱਸ ਤੇ ਲਾਚਾਰ ਬਣਾ ਕੇ, ਉਨ੍ਹਾਂ ਦੀ ਹੋਂਦ ਨੂੰ ਗੌਰਵਹੀਣ ਬਣਾ ਦਿੱਤਾ ਹੈ। ਇਉਂ ਸਿੱਖ ਸੰਕਲਪ ਤੇ ਸਿੱਖ ਇਤਿਹਾਸ, ਪ੍ਰਵਚਨ ਤੇ ਅਮਲ ਦੋਨਾਂ ਪੱਧਰਾਂ 'ਤੇ ਮਾਨਵਤਾ ਨੂੰ ਮੁੜ-ਗੌਰਵਸ਼ੀਲ ਬਣਾਉਣ ਦਾ ਹੰਭਲਾ ਮਾਰਦੇ ਹਨ ਤੇ ਮਜ਼ਲੂਮ ਲੋਕਾਂ ਵਿਚ ਚੜ੍ਹਦੀ ਕਲਾ ਦਾ ਸੰਚਾਰ ਕਰਦੇ ਹਨ।

ਅੱਜ ਦੇ ਯੁਗ ਵਿਚ ਫਿਰ ਭੈਅ, ਵੈਰ, ਨਿਰਦਈਅਤਾ, ਕਾਇਰਤਾ ਤੇ ਕੂੜ ਦੇ ਹਨੇਰ ਵਿਚ ਸੱਚ ਦਾ ਚੰਦਰਮਾ ਦਿਸ ਨਹੀਂ ਰਿਹਾ। ਲੋਕ ਗਿਆਨ ਵਿਹੂਣੇ ਹੋਏ ਵਿਕੁੰਨੇ ਹੋਏ ਪਏ ਹਨ। ਪੰਜਾਬ ਅੱਜ ਨਸ਼ਾਖੋਰੀ, ਵਾਤਾਵਰਣ ਪ੍ਰਦੂਸ਼ਣ, ਸਮਾਜਿਕ ਤੇ ਆਰਥਿਕ ਅਸਮਾਨਤਾ, ਫਿਰਕਾਪ੍ਰਸਤੀ, ਕਿਸਾਨੀ ਸੰਕਟ, ਧਰਤੀ ਹੇਠਲੇ ਪਾਣੀ ਦੀ ਕਮੀ, ਗਰੀਬੀ, ਬੇਰੁਜ਼ਗਾਰੀ, ਕਰਜ਼ਾ, ਖ਼ੁਦਕੁਸ਼ੀਆਂ, ਹਿੰਸਾ, ਲੁੱਟ-ਖੋਹ, ਨਕਾਰਾ ਵਿਵਸਥਾ ਵਰਗੀਆਂ ਸਮੱਸਿਆਵਾਂ/ ਗੰਭੀਰ ਚੁਣੌਤੀਆਂ ਪੰਜਾਬ ਦੀ ਤਰੱਕੀ ਵਿਚ ਰੁਕਾਵਟਾਂ ਪੈਦਾ ਕਰ ਰਹੀਆਂ ਹਨ। ਪੰਜਾਬ ਸੰਘਣੇ ਹਨੇਰ 'ਚ ਡੁੱਬਦਾ ਜਾ ਰਿਹਾ ਹੈ, ਇਸ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਦਿਸ ਰਿਹਾ। 'ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ॥' ਵਰਤਮਾਨ ਸੰਕਟਾਂ ਜਾਂ ਚੁਣੌਤੀਆਂ ਨੂੰ ਨਜਿੱਠਣ ਲਈ ਅਤੇ ਨਵੀਂ ਪੀੜ੍ਹੀ ਦਾ ਤਨ ਤੇ ਮਨ ਤਕੜਾ ਕਰਨ ਲਈ ਗੁਰੂ ਨਾਨਕ ਬਾਣੀ ਸਾਨੂੰ ਸਹੀ ਰਾਹ ਦਿਖਾਉਂਦੀ ਹੈ। ਸਾਨੂੰ 'ਸਚ ਕੀ ਕਾਤੀ ਸਚੁ ਸਭੁ ਸਾਰ' ਭਾਵ ਗਿਆਨ, ਵਿਵੇਕ ਜਾਂ ਸੱਚ ਦੇ ਹਥਿਆਰ ਸ਼ਬਦਾਂ ਦੀ ਸਾਣ 'ਤੇ ਲਾ ਕੇ ਰੱਖਣੇ ਪੈਣਗੇ। ਸੋ ਉਪਰੋਕਤ ਸਮੁੱਚੀ ਚਰਚਾ ਅਨੁਸਾਰ ਗੁਰੂ ਨਾਨਕ ਬਾਣੀ ਅਜਿਹਾ ਮਨੁੱਖ ਸਿਰਜਣ ਦੇ ਆਹਰ ਵਿਚ ਹੈ ਜੋ ਨਿਰਭਉ, ਨਿਰਵੈਰ, ਸਚਿਆਰ, ਸਾਹਸੀ ਤੇ ਦਇਆਵਾਨ ਹੋਵੇ ਤੇ ਕੂੜ ਦੇ ਹਨੇਰ ਵਿਚ ਸੱਚ ਦਾ ਰਾਹ ਲੱਭ ਸਕਦਾ ਹੋਵੇ। ਅਜਿਹੇ ਨਵ-ਉਸਰੇ ਬੰਦਿਆਂ ਦੀ ਪੰਜਾਬ ਨੂੰ ਅੱਜ ਬਹੁਤ ਲੋੜ ਹੈ। ਸੋ ਇਸ ਚਿੰਤਨ ਵਿਚ ਧਾਰਮਿਕ ਸਿੱਖਿਆਵਾਂ ਅਤੇ ਨਵੀਂ ਸਮਾਜਿਕ ਦ੍ਰਿਸ਼ਟੀ ਵੀ ਹੈ ਅਤੇ ਆਰਥਿਕ ਸਮਾਨਤਾ, ਰਾਜਨੀਤਕ ਨੈਤਿਕਤਾ ਤੇ ਕ੍ਰਾਂਤੀ ਦਾ ਸਬਕ ਵੀ ਹੈ। ਇਸ ਵਿਚ ਅਜੋਕੇ ਸਮਿਆਂ ਵਿਚ ਨਿਘਰੀ ਵਿਵਸਥਾ ਵਾਲੇ ਅਤੇ ਹਵਾ-ਪਾਣੀ-ਮਿੱਟੀ ਪੱਖੋਂ ਪਲੀਤ ਹੋਏ ਪੰਜਾਬ ਲਈ ਬੇਹਤਰੀਨ ਵਾਤਾਵਰਣਕ ਦ੍ਰਿਸ਼ਟੀਕੋਣ ਅਤੇ ਇਕ ਸੰਪੂਰਨ ਫ਼ਲਸਫ਼ਾ ਹੈ ਜੋ ਲੱਖ ਹਨੇਰਿਆਂ ਵਿਚ ਰੌਸ਼ਨ ਰਾਹ ਵਿਖਾਉਂਦਾ ਹੈ।

(II)

ਅਜੋਕੇ ਸਮਿਆਂ ਵਿਚ ਨਿਘਰੀ ਅਰਥ-ਵਿਵਸਥਾ ਅਤੇ ਹਵਾ-ਪਾਣੀ-ਮਿੱਟੀ ਪੱਖੋਂ ਪਲੀਤ ਹੋਏ ਪੰਜਾਬ ਲਈ ਬੇਹਤਰੀਨ ਵਾਤਾਵਰਣਕ ਦ੍ਰਿਸ਼ਟੀਕੋਣ ਦੀ ਸਖ਼ਤ ਜ਼ਰੂਰਤ ਹੈ। ਪੰਜਾਬ ਨੇ ਸਾਰੇ ਸੂਬਿਆਂ ਤੋਂ ਅਗਾਂਹ ਹੋ ਕੇ ਹਰੀ-

ਕ੍ਰਾਂਤੀ ਦੇ ਪ੍ਰਯੋਗ ਨੂੰ ਅਪਣਾਇਆ। ਇਸ ਦੇ ਤਕਨੀਕੀ ਮਾਡਲ 'ਪੈਕੇਜ ਆਫ ਪ੍ਰੈਕਟਿਸਜ਼' ਕਿਹਾ ਗਿਆ, ਜਿਸ ਵਿਚ ਉੱਚ ਉਪਜ ਵਾਲੇ ਬੀਜ, ਰਸਾਇਣਕ ਖਾਦਾਂ, ਸਿੰਚਾਈ, ਮਸ਼ੀਨੀਕਰਨ, ਵਿਗਿਆਨਕ ਖੇਤੀ ਪ੍ਰਬੰਧਨ ਆਦਿ ਨੂੰ ਲਾਗੂ ਕਰਨ ਨਾਲ ਉੱਚ ਪੈਦਾਵਾਰ ਤਾਂ ਸੰਭਵ ਹੋਈ ਪਰ ਅਸੀਂ ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਦਾ ਨਾਸ਼, ਧਰਤੀ ਹੇਠਲਾ ਪਾਣੀ ਮੁਕਾ ਦਿੱਤਾ, ਕੀਟਨਾਸ਼ਕਾਂ ਨਾਲ ਜ਼ਮੀਨ, ਪਾਣੀ, ਸਾਰਾ ਵਾਤਾਵਰਨ ਪ੍ਰਦੂਸ਼ਿਤ ਕੀਤਾ ਅਤੇ ਮਸ਼ੀਨੀਕਰਨ ਦੀ ਹੋੜ ਤੇ ਉੱਚ ਜੀਵਨ ਦੇ ਗਲੈਮਰ ਵਿਚ ਕਿਸਾਨ ਕਰਜ਼ੇ ਹੇਠ ਦੱਬਿਆ ਗਿਆ।

ਅਸੀਂ ਅਕਸਰ ਮਾਣ ਨਾਲ ਕਹਿੰਦੇ ਹਾਂ ਕਿ ਪੰਜਾਬ ਨੇ ਦੇਸ਼ ਨੂੰ ਰੋਟੀ ਦਿੱਤੀ। ਨਿਸ਼ਚਿਤ ਤੌਰ 'ਤੇ ਹਰੀ-ਕ੍ਰਾਂਤੀ ਨੇ ਪੰਜਾਬ ਨੂੰ ਅਨਾਜ ਦਾ ਭੰਡਾਰ ਬਣਾਇਆ। ਪਰ ਅੱਜ ਸਵਾਲ ਇਹ ਹੈ-ਕੀ ਅਸੀਂ ਆਪਣੀ ਧਰਤੀ ਦੀ ਕੀਮਤ 'ਤੇ ਇਹ ਮਾਣ ਖਰੀਦਿਆ? ਜਦੋਂ ਸਾਡੀ ਮਿੱਟੀ ਥੱਕ ਚੁੱਕੀ ਹੈ। ਪਾਣੀ ਘਟ ਗਿਆ ਹੈ। ਹਵਾ ਅਤੇ ਪਾਣੀ ਪ੍ਰਦੂਸ਼ਿਤ ਹਨ। ਥੋੜੇ ਸਮੇਂ ਦੇ ਅੰਨੇ ਉਤਪਾਦਨ ਦੀ ਦੌੜ ਵਿਚ ਮਿੱਟੀ ਦੇ ਉਪਜਾਊਪਣ, ਪਾਣੀ ਦੇ ਭੰਡਾਰ ਅਤੇ ਜੀਵ-ਵਿਵਿਧਤਾ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ। ਇਹ ਸਿਰਫ਼ ਵਾਤਾਵਰਨ ਦਾ ਸੰਕਟ ਨਹੀਂ-ਇਹ ਪੰਜਾਬ ਦੇ ਅਸਤਿਤਵ ਦਾ ਪ੍ਰਸ਼ਨ ਹੈ। ਜੇ ਮਿੱਟੀ ਹੀ ਜੀਵੰਤ ਨਹੀਂ ਰਹੇਗੀ, ਤਾਂ ਅਰਥ-ਵਿਵਸਥਾ ਕਿਵੇਂ ਜੀਵੰਤ ਰਹੇਗੀ? ਇਸ ਲਈ ਪੰਜਾਬ ਦੀ ਅਰਥ-ਵਿਵਸਥਾ ਜੋ ਮੁੱਖ ਰੂਪ ਵਿਚ ਖੇਤੀ ਆਧਾਰਿਤ ਹੈ, ਉਸਦਾ ਵਾਤਾਵਰਨੀ ਰੂਪਾਂਤਰਣ ਕਰਨਾ ਜ਼ਰੂਰੀ ਹੈ। ਇਸ ਸਬੰਧੀ ਗੁਰੂ ਨਾਨਕ ਬਾਣੀ ਤੋਂ ਹੋਰ ਕਿਹੜਾ ਬੇਹਤਰੀਨ ਰਸਤਾ ਹੋ ਸਕਦਾ ਹੈ! ਗੁਰੂ ਨਾਨਕ ਦੇਵ ਜੀ ਦੀ ਬਾਣੀ ਵਾਤਾਵਰਨ ਚੇਤਨਾ ਦਾ ਇਕ ਅਦੁੱਤੀ ਦਸਤਾਵੇਜ਼ ਹੈ। ਇਸ ਬਾਣੀ ਵਿਚ ਹਵਾ, ਪਾਣੀ ਅਤੇ ਧਰਤੀ ਨੂੰ ਗੁਰੂ, ਪਿਤਾ ਅਤੇ ਮਾਤਾ ਦਾ ਦਰਜਾ ਦਿੱਤਾ ਗਿਆ ਹੈ:

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥* (ਗੁਰੂ ਗ੍ਰੰਥ ਸਾਹਿਬ, ਅੰਗ ੮)

ਇਹ ਸਿਰਫ਼ ਕਾਵਿ-ਰੂਪਕ ਨਹੀਂ, ਇਹ ਇਕ ਦਰਸ਼ਨ ਹੈ ਜੋ ਮਨੁੱਖ ਤੇ ਕੁਦਰਤ ਦੇ ਸਹਿਹੋਂਦੀ ਸਬੰਧਾਂ ਅਤੇ ਪਾਰਸਪਰਿਕ ਨਿਰਭਰਤਾ ਨੂੰ ਪੇਸ਼ ਕਰਦਾ ਹੈ, ਇਸ ਵਿਚ ਵਾਤਾਵਰਣ ਸੰਭਾਲ ਦੀ ਨੈਤਿਕ ਜ਼ਿੰਮੇਵਾਰੀ ਸਮਾਈ ਹੋਈ ਹੈ। ਧਾਰਮਿਕ ਵਾਤਾਵਰਨ-ਨੈਤਿਕਤਾ ਖੇਤੀ ਤੇ ਅਰਥ-ਵਿਵਸਥਾ ਦੇ ਟਿਕਾਊ ਵਿਕਾਸ ਲਈ ਬੁਨਿਆਦੀ ਭੂਮਿਕਾ ਨਿਭਾਅ ਸਕਦੀ ਹੈ।

ਸੋ ਗ਼ੈਰ-ਕੁਦਰਤੀ ਖੇਤੀ ਤੋਂ ਬਾਹਰ ਨਿਕਲਣਾ ਅਤੇ ਵਾਤਾਵਰਣ ਸੁਰੱਖਿਅਤ ਖੇਤੀ-ਮਾਡਲ ਵੱਲ ਇਤਿਹਾਸਕ ਮੋੜ ਲੈਣਾ ਕੋਈ ਵਿਕਲਪ ਨਹੀਂ, ਇਹ ਬਚਾਅ ਦਾ ਰਾਹ ਹੈ। ਗੁਰਬਾਣੀ ਦੀ ਵਾਤਾਵਰਣਕ ਦ੍ਰਿਸ਼ਟੀ ਤੋਂ ਪ੍ਰੇਰਣਾ ਲੈ ਕੇ ਇਕ ਨਵੀਂ ਪੰਜਾਬੀ ਆਰਥਿਕ ਦਰਸ਼ਨ-ਪ੍ਰਣਾਲੀ ਸਿਰਜੀ ਜਾ ਸਕਦੀ ਹੈ ਜਿੱਥੇ ਜੀਡੀਪੀ ਤੋਂ ਵੱਧ ਮਹੱਤਵ ਜੀਵਨ-ਗੁਣਵੱਤਾ ਅਤੇ ਪ੍ਰਾਕ੍ਰਿਤਿਕ ਸੰਤੁਲਨ ਨੂੰ ਦਿੱਤਾ ਜਾਵੇ। ਜ਼ਮੀਨ, ਹਵਾ ਅਤੇ ਪਾਣੀ ਦਾ ਸੰਕਟ ਸਿਰਫ਼ ਆਰਥਿਕ ਨਹੀਂ ਹੈ, ਇਹ ਸਾਡੀ ਤੇ ਧਰਤੀ ਦੀ ਹੋਂਦ ਦਾ ਪ੍ਰਸ਼ਨ ਵੀ ਬਣ ਗਿਆ ਹੈ। ਪੰਜਾਬ ਦੀ ਧਰਤੀ ਹੇਠ ਪਾਣੀ ਦਾ ਤੇਜ਼ੀ ਨਾਲ ਘਟਣਾ ਅਤੇ ਮਿੱਟੀ ਦੀ ਖ਼ਸਤਾਹਾਲ ਤੇ ਤੇਜ਼ਾਬੀ ਤਾਸੀਰ ਪੰਜਾਬ ਦੀ ਆਉਣ ਵਾਲੀ ਪੀੜ੍ਹੀ ਦੇ ਅਸਤਿਤਵ ਨਾਲ ਜੁੜੇ ਸੁਆਲ ਹਨ। ਪ੍ਰਦੂਸ਼ਣ, ਕੈਂਸਰ ਬੈਲਟ ਅਤੇ ਰਸਾਇਣਕ ਖੇਤੀ ਦੇ ਪ੍ਰਭਾਵ ਸਾਬਤ ਕਰਦੇ ਹਨ ਕਿ ਵਿਕਾਸ ਦਾ ਮੌਜੂਦਾ ਮਾਡਲ ਸਮਾਜਿਕ ਨਿਆਂ ਨਾਲ ਮੇਲ ਨਹੀਂ ਖਾਂਦਾ। ਨਵੀਂ ਆਰਥਿਕ ਦਿਸ਼ਾ ਉਹ ਹੋਵੇ ਜੋ ਮਨੁੱਖੀ ਸਿਹਤ, ਕੁਦਰਤ ਅਤੇ ਆਮਦਨ-ਤਿੰਨਾਂ ਦਾ ਸੰਤੁਲਨ ਬਣਾਏ। ਪੰਜਾਬ ਨੇ ਕਦੇ ਖੇਤੀਬਾੜੀ ਵਿਚ ਇਤਿਹਾਸ ਰਚਿਆ ਸੀ, ਉਸੇ ਤਰ੍ਹਾਂ ਉਹ ਵਾਤਾਵਰਣੀ ਪੁਨਰ-ਗਠਨ ਰਾਹੀਂ ਟਿਕਾਊ ਅਤੇ ਸੰਤੁਲਿਤ ਵਿਕਾਸ ਵਿਚ ਵੀ ਮਿਸਾਲ ਬਣ ਸਕਦਾ ਹੈ। ਸਾਨੂੰ ਉਤਪਾਦਨ-ਕੇਂਦਰਿਤ ਸੋਚ ਤੋਂ ਵਾਤਾਵਰਣ ਸੁਰੱਖਿਆ ਕੇਂਦਰਿਤ ਸੋਚ ਵੱਲ ਮੋੜ ਲੈਣਾ ਪਵੇਗਾ। ਇਹ ਸਿਰਫ਼ ਆਰਥਿਕ ਸੁਧਾਰ ਹੀ ਨਹੀਂ, ਸਭਿਆਚਾਰਕ ਅਤੇ ਨੈਤਿਕ ਪੁਨਰ-ਜਾਗਰਣ ਦਾ ਵੀ ਆਰੰਭ ਹੋਵੇਗਾ। ਗੁਰਬਾਣੀ ਦੀਆਂ ਅੰਤਰ-ਦ੍ਰਿਸ਼ਟੀਆਂ ਲੈ ਕੇ ਇਹ ਨੈਤਿਕ ਪੁਨਰ-ਜਾਗਰਣ ਦਾ ਵਧੀਆ ਮੌਕਾ ਬਣ ਸਕਦਾ ਹੈ, ਜਿਸ ਵਿਚੋਂ ਇਕ ਨਵੀਂ ਪੰਜਾਬੀ ਆਰਥਿਕ ਦਰਸ਼ਨ-ਸ਼ਾਸਤਰ ਦੀ ਸ਼ੁਰੂਆਤ ਹੋ ਸਕਦੀ ਹੈ। ਇਹ ਵਾਤਾਵਰਣੀ ਤੇ ਨੈਤਿਕ ਚੇਤਨਾ ਵਾਲਾ ਨਵਾਂ ਟਿਕਾਊ ਤੇ ਸੰਤੁਲਿਤ ਵਿਕਾਸ ਮਾਡਲ ਪੰਜਾਬ ਨੂੰ ਹੀ ਨਹੀਂ, ਸਗੋਂ ਪੂਰੇ ਭਾਰਤ ਅਤੇ ਫਿਰ ਸੰਸਾਰ ਨੂੰ ਇਕੌਲੋਜੀਕਲ ਇਕੌਨਮੀ ਦਾ ਵਿਹਾਰਕ ਪਾਠ ਪੜ੍ਹਾ ਸਕਦਾ ਹੈ।

ਅਸਲ ਵਿਚ ਆਧੁਨਿਕ ਮੁਨਾਫ਼ੇਖ਼ੋਰ ਤੇ ਇਕਹਿਰੇ ਵਿਕਾਸ-ਮਾਡਲਾਂ ਨੇ ਵੱਧ ਉਤਪਾਦਨ ਤੇ ਵੱਧ ਮੁਨਾਫ਼ੇ ਦੇ ਲੋਭ-ਲਾਲਚ, ਹਵਸ ਤੇ ਉਪਭੋਗੀ ਮਾਨਸਿਕਤਾ ਵਾਲੇ ਸਮਾਜ ਦਾ ਨਿਰਮਾਣ ਕੀਤਾ ਹੈ। ਇਸ ਵਿਚ ਹਉਮੈਂ ਹੈ, ਹਿੰਸਾ ਹੈ, ਤਣਾਅ ਤੇ ਡਰ-ਭੈਅ ਦਾ ਮਾਹੌਲ ਹੈ। ਮੁੱਠੀ ਭਰ ਸਾਧਨ-ਸੰਪਨ ਲੋਕਾਂ ਸਨਮੁਖ ਅਰਬਾਂ ਸਾਧਨ-ਹੀਣ ਲੋਕਾਂ ਦੇ ਬੇਇੰਤਹਾ ਦੁਖੜੇ ਅੱਖੋਂ ਪਰੋਖੇ ਹਨ। ਅਨੇਕਾਂ ਤਰ੍ਹਾਂ ਦੇ ਪਾੜਿਆਂ ਨੇ ਸਮਾਜ ਨੂੰ ਇਕ-ਦੂਜੇ ਦੇ ਸਾਹਮਣੇ


**www.sanvad.org**
ISSN : 2395-1273

ਖੜ੍ਹਾ ਕੀਤਾ ਹੈ। ਵੰਡੀਆਂ, ਨਾ-ਬਰਾਬਰੀ, ਅਨਿਆਂ ਤੇ ਸੋਸ਼ਣ ਭਰੀਆਂ ਵਿਵਸਥਾਵਾਂ ਵਿਚ ਭਟਕਣ ਤੇ ਨਿਰਾਸ਼ਾ ਮਨੁੱਖਾਂ ਦੀ ਹੋਣੀ ਬਣ ਗਈ ਹੈ। ਕੁਦਰਤ ਦਾ ਇਸ ਕਦਰ ਸੋਸ਼ਣ ਕੀਤਾ ਜਾ ਰਿਹਾ ਹੈ ਕਿ ਧਰਤ ਤੇ ਮਨੁੱਖੀ ਹੋਂਦ ਨੂੰ ਹੀ ਖ਼ਤਰੇ ਵਿਚ ਧਕੇਲ ਦਿੱਤਾ ਹੈ। ਇਹ ਸੰਕਟ ਉਸ ਪੱਛਮੀ ਵਿਚਾਰਧਾਰਾ ਦੀ ਦੇਣ ਹੈ ਜੋ ਮਨੁੱਖ ਨੂੰ ਸ੍ਰਿਸ਼ਟੀ ਦਾ ਕੇਂਦਰ/ 'ਅਸ਼ਰਫ-ਉਲ-ਮਖਲੂਕਾਤ' ਮੰਨਣ ਵਾਲੀ ਮਨੁੱਖ-ਕੇਂਦਰਵਾਦੀ (Anthropocentrism) ਸੋਚ ਹੈ। ਇਸ ਵਿਚਾਰਧਾਰਾ ਅਨੁਸਾਰ ਮਨੁੱਖ ਨੂੰ ਸਭ ਤੋਂ ਉੱਚਾ ਅਤੇ ਕੇਂਦਰ ਮੰਨਿਆ ਗਿਆ ਹੈ, ਜਦਕਿ ਕੁਦਰਤ, ਪਸ਼ੂ-ਪੰਛੀ ਅਤੇ ਹੋਰ ਜੀਵਾਂ ਨੂੰ ਉਸਦੇ ਅਧੀਨ ਸਮਝਿਆ ਗਿਆ। ਆਧੁਨਿਕ ਦੌਰ ਵਿਚ ਉਦਯੋਗੀਕਰਨ ਤੇ ਮਸ਼ੀਨੀਕਰਨ ਦੇ ਵਿਕਾਸ ਦੇ ਨਾਲ ਇਹ ਮਨੁੱਖ-ਕੇਂਦਰਿਤਤਾ ਹੋਰ ਮਜ਼ਬੂਤ ਹੋ ਗਈ। ਇਸ ਪ੍ਰਕਿਰਿਆ ਵਿਚ ਮਨੁੱਖ ਨੇ ਆਪਣੇ ਆਪ ਨੂੰ ਸ੍ਰਿਸ਼ਟੀ ਦਾ ਮਾਲਕ ਸਮਝਣਾ ਸ਼ੁਰੂ ਕਰ ਦਿੱਤਾ। ਇਸ ਸੋਚ ਅਧੀਨ ਕੁਦਰਤ ਨੂੰ ਸਿਰਫ਼ ਵਸਤੂ ਸਮਝਿਆ ਗਿਆ ਅਤੇ ਉਸਦਾ ਬੇਇੰਤਹਾ ਸ਼ੋਸ਼ਣ ਕੀਤਾ ਗਿਆ। ਇਸ ਤਰ੍ਹਾਂ ਮਨੁੱਖੀ ਸਭਿਆਚਾਰ ਨੇ ਵਿਕਾਸ ਦੇ ਨਾਮ 'ਤੇ ਕੁਦਰਤੀ ਸੰਤੁਲਨ ਨੂੰ ਭੰਗ ਕੀਤਾ ਅਤੇ ਮਨੁੱਖ ਨੂੰ ਵੀ ਇਕ ਤਰ੍ਹਾਂ ਦੀ ਹਉਮੈ ਅਤੇ ਅਹੰਕਾਰ ਦੀ ਮਨੋਪ੍ਰਵਿਰਤੀ ਵਿਚ ਧੱਕ ਦਿੱਤਾ। ਮਸ਼ੀਨੀਕਰਨ ਅਤੇ ਤਕਨਾਲੋਜੀ ਦੇ ਵਾਧੇ ਨੇ ਮਨੁੱਖ ਨੂੰ ਪ੍ਰਗਤੀ ਦਾ ਕੇਂਦਰ ਬਣਾਇਆ, ਪਰ ਇਸ ਦੇ ਨਾਲ ਕੁਦਰਤ ਦੇ ਬੇਇੰਤਹਾ ਸੋਸ਼ਣ ਨਾਲ ਆਰਥਿਕ, ਵਾਤਾਵਰਣੀ ਤੇ ਅਸਤਿਤਵੀ ਸੰਕਟਾਂ ਨੂੰ ਜਨਮ ਦਿੱਤਾ। ਅਜੋਕੇ ਸਮਿਆਂ ਵਿਚ ਇਨ੍ਹਾਂ ਸੰਕਟਾਂ ਨੂੰ ਪਛਾਣ ਕੇ ਉਤਰ-ਮਾਨਵਵਾਦ (Posthumanism) ਦੀ ਵਿਚਾਰਧਾਰਾ ਇਸ ਕੇਂਦਰਵਾਦੀ ਸੋਚ ਨੂੰ ਚੁਣੌਤੀ ਦਿੰਦੀ ਹੈ, ਪਰ ਪੰਜਾਬੀ ਵਿਚਾਰਧਾਰਾ ਵਿਚ ਇਹ ਚੁਣੌਤੀ ਸਭ ਤੋਂ ਪਹਿਲਾਂ ਗੁਰੂ ਨਾਨਕ ਬਾਣੀ ਵਿਚ ਮਿਲਦੀ ਹੈ।

ਗੁਰਬਾਣੀ ਮਨੁੱਖ ਨੂੰ ਸ੍ਰਿਸ਼ਟੀ ਦਾ ਮਾਲਕ ਨਹੀਂ, ਸਗੋਂ ਇਕ ਵੱਡੇ ਬ੍ਰਹਿਮੰਡਕ ਤੰਤਰ ਦਾ ਹਿੱਸਾ ਮੰਨਦੀ ਹੈ। ਗੁਰੂ ਨਾਨਕ ਬਾਣੀ ਵਿਚ ਕੁਦਰਤ- ਹਵਾ, ਪਾਣੀ ਅਤੇ ਧਰਤੀ ਨੂੰ ਸਿਰਫ਼ ਭੌਤਿਕ ਜਾਂ ਰਸਾਇਣਕ ਤੱਤ ਨਹੀਂ, ਸਗੋਂ ਜੀਵਨ ਦੇ ਮੂਲ ਸਰੋਤ ਹਨ। ਮਨੁੱਖ ਅਤੇ ਕੁਦਰਤ ਦੇ ਸਬੰਧ (ਪਰਿਵਾਰਕ ਰੂਪ ਵਿਚ ; ਪਵਣੁ-ਗੁਰੂ, ਪਾਣੀ-ਪਿਤਾ, ਮਾਤਾ-ਧਰਤਿ) ਨੂੰ ਇੱਥੇ ਸਹਿਹੋਂਦ ਅਤੇ ਪਾਰਸਪਰਿਕ ਨਿਰਭਰਤਾ ਵਜੋਂ ਪੇਸ਼ ਕੀਤਾ ਗਿਆ ਹੈ। 'ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ' ਕਹਿ ਕੇ ਗੁਰੂ ਜੀ ਨੇ ਪਾਣੀ ਨੂੰ ਜੀਵਨ ਦਾ ਮੂਲ ਸਰੋਤ/ਪਿਤਾ ਦੱਸਿਆ ਹੈ। ਪਰਮ-ਪਿਤਾ ਦੇ ਕੁਦਰਤ ਵਿਚ ਵਾਸੇ 'ਬਲਿਹਾਰੀ ਕੁਦਰਤਿ ਵਸਿਆ' ਰਾਹੀਂ ਉਹਨਾਂ ਨੇ ਕੁਦਰਤ ਪ੍ਰਤੀ ਡੂੰਘੀ ਸ਼ਰਧਾ ਦਾ ਭਾਵ ਪ੍ਰਗਟਾਇਆ ਅਤੇ ਜੋ ਮਨੁੱਖ ਇਸ ਸੱਚ ਤੋਂ ਅਣਜਾਣ ਹੈ, ਉਹ 'ਸੋਈ ਕੁਚੀਲੁ ਕੁਦਰਤਿ ਨਹੀ ਜਾਨੈ', ਅਸਲ ਵਿਚ ਮਾੜਾ ਅਤੇ ਅਗਿਆਨੀ ਦੱਸਿਆ ਹੈ; ਭਾਵ ਮਨੁੱਖ ਕੇਂਦਰ ਨਹੀਂ, ਇਕ ਵੱਡੇ ਬ੍ਰਹਿਮੰਡਕ ਤੰਤਰ ਦਾ ਹਿੱਸਾ ਹੈ ਜਿਸ ਵਿਚ ਮਾਤਾ, ਪਿਤਾ, ਗੁਰੂ ਦੇ ਰੂਪ ਵਿਚ ਕੁਦਰਤ ਹੈ। ਇਹ ਦ੍ਰਿਸ਼ਟੀ ਮਨੁੱਖੀ ਅਹੰਕਾਰ ਨੂੰ ਨਕਾਰ ਕੇ ਸ੍ਰਿਸ਼ਟੀ ਦੀ ਸਾਂਝੀ ਹੋਂਦ ਨੂੰ ਉਜਾਗਰ ਕਰਦੀ ਹੈ। ਅੱਜ ਮਨੁੱਖ, ਕੁਦਰਤ ਤੇ ਮਸ਼ੀਨ ਦੇ ਸਹਿਹੋਂਦੀ ਸਬੰਧਾਂ ਦੀ ਗੱਲ ਹੋ ਰਹੀ ਹੈ, ਜਿਥੇ ਮਸ਼ੀਨ/ਏਆਈ ਮਨੁੱਖ ਨੂੰ ਚੁਣੌਤੀ ਦੇ ਰਹੀ ਹੈ। ਇਥੋਂ ਤੱਕ ਮਨੁੱਖ ਨੂੰ ਰਿਪਲੇਸ ਕਰ ਜਾਣ ਦੇ ਸੁਆਲ ਆ ਗਏ ਹਨ। ਸੋ ਹੁਣ ਸਭ ਕੁਝ ਨਵੇਂ ਸਿਰਿਓਂ ਪਰਿਭਾਸ਼ਤ ਕਰਨ ਦੀ ਲੋੜ ਹੈ। ਸੋ ਅੱਜ ਦੇ ਸਮਿਆਂ ਵਿਚ ਕੁਦਰਤ, ਪਸ਼ੂ-ਪੰਛੀ, ਮਨੁੱਖ ਅਤੇ ਤਕਨਾਲੋਜੀ ਨੂੰ ਸਹਿਹੋਂਦੀਂ ਸਬੰਧਾਂ ਵਿਚ ਵੇਖਣਾ ਹੋਵੇਗਾ ਅਤੇ ਵਿਨਾਸ਼ ਕੀਤੀ ਜਾ ਰਹੀ ਕੁਦਰਤ ਦੇ ਪੁਨਰ-ਸੁਰਜੀਤੀ ਦੇ ਉੱਦਮ ਤੇਜ਼ ਕਰਨੇ ਹੋਣਗੇ। ਗੁਰੂ ਨਾਨਕ ਬਾਣੀ ਦੇ ਮਨੁੱਖ ਤੇ ਕੁਦਰਤ ਦੂ ਸਹਿਹੋਂਦੀ ਸਬੰਧਾਂ ਦੀ ਲੋਅ ਵਿਚ ਪੰਜਾਬ ਦੀ ਅਰਥ-ਵਿਵਸਥਾ ਜੋ ਕੁਲ ਮਿਲਾ ਕੇ ਖੇਤੀਬਾੜੀ ਆਧਾਰਿਤ ਹੈ, ਇਸ ਦਾ ਵਾਤਾਵਰਣੀ ਰੂਪਾਂਤਰਣ ਕਰਨਾ ਅਤਿ ਆਵਸ਼ਕ ਹੈ।

(III)

ਜੇਕਰ ਅੱਜ ਵਿਸ਼ਵ ਏਜੰਡੇ 'ਤੇ ਨਜ਼ਰ ਮਾਰੀਏ ਤਾਂ ਉਸਦੇ ਅਹਿਮ ਟੀਚੇ ਗੁਰੂ ਨਾਨਕ ਬਾਣੀ ਦੇ ਪ੍ਰਮੁੱਖ ਸਰੋਕਾਰ ਰਹੇ ਹਨ। ਗੁਰੂ ਨਾਨਕ ਚਿੰਤਨ ਦਾ ਵਿਸ਼ਵੀ ਪਰਿਪੇਖ ਇਥੋਂ ਸਮਝਿਆ ਜਾ ਸਕਦਾ ਹੈ ਕਿ ਸੰਯੁਕਤ ਰਾਸ਼ਟਰ ਦੇ 17 ਟਿਕਾਊ ਵਿਕਾਸ ਟੀਚਿਆਂ (SDGs) ਵਿਚੋਂ SDG-1 (ਗ਼ਰੀਬੀ ਖਾਤਮਾ) ਅਤੇ SDG-2 (ਭੋਜਨ ਸੁਰੱਖਿਆ) SDG-5 (ਲਿੰਗ ਸਮਾਨਤਾ) ਅਤੇ SDG-13 (ਵਾਤਾਵਰਣ ਸੁਰੱਖਿਆ) ਮੁੱਦਿਆਂ ਨੂੰ ਗੁਰੂ ਸਾਹਿਬ ਆਪਣੇ ਸਮਿਆਂ ਵਿਚ ਬਾ-ਦਲੀਲ ਐਡਰੈੱਸ ਕਰ ਚੁੱਕੇ ਹਨ। ਸੰਯੁਕਤ ਰਾਸ਼ਟਰ ਨੇ 2015 ਵਿਚ 17 ਟਿਕਾਊ ਵਿਕਾਸ ਟੀਚੇ (SDGs) ਅਪਣਾਏ, ਜਿਨ੍ਹਾਂ ਦਾ ਉਦੇਸ਼ 2030 ਤੱਕ ਬਰਾਬਰੀ, ਮਨੁੱਖੀ ਅਧਿਕਾਰਾਂ, ਗਰੀਬੀ ਮਿਟਾਉਣਾ, ਭੋਜਨ ਸੁਰੱਖਿਅਤ ਕਰਨਾ, ਲਿੰਗ ਸਮਾਨਤਾ ਲਿਆਉਣੀ, ਧਰਤੀ-ਜਲਵਾਯੂ ਦੀ ਰੱਖਿਆ ਕਰਨਾ ਅਤੇ ਸਮੁੱਚੀ ਮਾਨਵਤਾ ਲਈ ਸ਼ਾਂਤੀ ਤੇ ਖੁਸ਼ਹਾਲੀ ਯਕੀਨੀ ਬਣਾਉਣਾ ਹੈ। ਸੰਯੁਕਤ ਰਾਸ਼ਟਰ ਦੇ ਇਹ ਟੀਚੇ ਭਾਵੇਂ ਆਧੁਨਿਕ ਵਿਸ਼ਵ ਦੀ ਸਿਆਸੀ ਸੋਚ ਦੀ ਉਪਜ ਜਾਪਦੇ ਹਨ, ਪਰ ਇਹਨਾਂ ਦੀਆਂ ਜੜ੍ਹਾਂ ਗੁਰੂ ਨਾਨਕ

ਦੇਵ ਜੀ ਦੇ ਸਾਢੇ ਪੰਜ ਸੌ ਸਾਲ ਪਹਿਲਾਂ ਦੇ ਚਿੰਤਨ ਵਿਚ ਸਾਫ਼ ਨਜ਼ਰ ਆਉਂਦੀਆਂ ਹਨ। ਗੁਰੂ ਜੀ ਨੇ 'ਸਭਨਾ ਜੀਆ ਕਾ ਇਕੁ ਦਾਤਾ' ਕਹਿ ਕੇ ਸਮੁੱਚੀ ਮਨੁੱਖਤਾ ਦੀ ਏਕਤਾ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ, ਜੋ Sustainable Development Goals ਦੇ ਮੂਲ ਸਿਧਾਂਤ 'ਕੋਈ ਪਿੱਛੇ ਨਾ ਰਹੇ' (Leave No One Behind-LNOB) ਨਾਲ ਸਿੱਧਾ ਮੇਲ ਖਾਂਦਾ ਹੈ। ਗ਼ਰੀਬੀ ਅਤੇ ਭੁੱਖਮਰੀ ਖ਼ਤਮ ਕਰਨ ਦੇ ਟੀਚੇ ਗੁਰੂ ਦੀ ਲੰਗਰ ਪ੍ਰਥਾ ਦੇ ਪ੍ਰਤੀਬਿੰਬ ਹਨ, ਜਿੱਥੇ ਊਚ-ਨੀਚ ਤੋਂ ਬਿਨਾਂ ਹਰ ਕਿਸੇ ਨੂੰ ਇੱਕੋ ਪੰਗਤ ਵਿਚ ਭੋਜਨ ਮਿਲਦਾ ਸੀ। ਲਿੰਗਕ ਬਰਾਬਰੀ ਦੇ ਟੀਚੇ ਲਈ ਗੁਰੂ ਜੀ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਰਾਹੀਂ ਇਸਤਰੀ ਦੀ ਮਹਾਨਤਾ ਦਾ ਐਲਾਨ ਉਦੋਂ ਕੀਤਾ ਜਦੋਂ ਸਮਾਜ ਵਿਚ ਔਰਤ ਨੂੰ ਬਹੁਤ ਕਮਜ਼ੋਰ ਤੇ ਮਾੜਾ ਸਮਝਿਆ ਜਾਂਦਾ ਸੀ। ਵਾਤਾਵਰਣ ਸੁਰੱਖਿਆ, ਸਾਫ਼ ਪਾਣੀ ਅਤੇ ਧਰਤੀ ਦੀ ਸੰਭਾਲ ਦੇ ਟੀਚਿਆਂ ਦੀ ਰੂਹ 'ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ' ਦੇ ਮਹਾਂ-ਵਾਕ ਵਿਚ ਵੱਸਦੀ ਹੈ, ਜਿੱਥੇ ਗੁਰੂ ਜੀ ਨੇ ਕੁਦਰਤ ਨੂੰ ਪਰਮ ਸਤਿਕਾਰ ਯੋਗ ਦੱਸ ਕੇ ਵਾਤਾਵਰਣਕ ਚੇਤਨਾ ਦੀ ਨੀਂਹ ਰੱਖੀ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦਾ ਚਿੰਤਨ ਕੇਵਲ ਅਧਿਆਤਮਿਕ ਸੇਧ ਨਹੀਂ, ਸਗੋਂ ਟਿਕਾਊ ਮਾਨਵੀ ਵਿਕਾਸ ਦਾ ਸਦੀਵੀ ਰੋਡਮੈਪ ਹੈ, ਜੋ ਅੱਜ ਦੇ ਪੰਜਾਬ ਲਈ ਹੀ ਨਹੀਂ, ਸਗੋਂ ਸਮੁੱਚੇ ਵਿਸ਼ਵ ਲਈ ਪ੍ਰਸੰਗਿਕ ਹੈ। ਇਹ ਕੋਈ ਖ਼ਿਆਲੀ ਧਾਰਨਾ ਨਹੀਂ ਹੈ ਸਗੋਂ ਖ਼ੁਦ ਯੂਨੈਸਕੋ ਨੇ 2023 ਵਿਚ ਆਪਣੀ ਰਿਪੋਰਟ Intangible Heritage for Sustainable Development ਵਿਚ ਮੰਨਿਆ ਹੈ ਕਿ ਪਾਰੰਪਰਿਕ ਦਾਰਸ਼ਨਿਕ ਪਰੰਪਰਾਵਾਂ (Traditional Philosophical Traditions) ਟਿਕਾਊ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾ ਸਕਦੀਆਂ ਹਨ। ਇਸ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਪੰਜਾਬ/ਭਾਰਤ/ਵਿਸ਼ਵ ਦੇ ਟਿਕਾਊ ਵਿਕਾਸ ਦਾ ਆਧਾਰ ਬਣ ਸਕਦਾ ਹੈ।

ਸੋ ਗੁਰੂ ਨਾਨਕ ਦੇਵ ਜੀ ਦਾ ਚਿੰਤਨ ਕਿਸੇ ਇਕ ਯੁੱਗ, ਇਕ ਖਿੱਤੇ ਜਾਂ ਇਕ ਧਰਮ ਤੱਕ ਸੀਮਤ ਨਹੀਂ, ਇਹ ਹਰ ਕਾਲ ਵਿਚ ਨਵੇਂ ਅਰਥ ਧਾਰਨ ਕਰਨ ਵਾਲਾ ਜੀਵੰਤ ਦਰਸ਼ਨ ਹੈ। ਅਜੋਕਾ ਪੰਜਾਬ ਅਨੇਕਾਂ ਗੁੰਝਲਦਾਰ ਚੁਣੌਤੀਆਂ ਤੇ ਸੰਕਟਾਂ ਦੇ ਸਨਮੁਖ ਖੜ੍ਹਾ ਹੈ। ਇਨ੍ਹਾਂ ਸੰਕਟਾਂ ਦਾ ਹੱਲ ਸਿਰਫ਼ ਸਿਆਸੀ ਜਾਂ ਆਰਥਿਕ ਸੁਧਾਰਾਂ ਨਾਲ ਸੰਭਵ ਨਹੀਂ, ਸਗੋਂ ਸਮਾਜ ਦੀ ਸਾਂਝੀ ਚੇਤਨਾ ਅਤੇ ਕਦਰ-ਕੀਮਤ ਪ੍ਰਣਾਲੀ ਵਿਚ ਬੁਨਿਆਦੀ ਪਰਿਵਰਤਨ ਨਾਲ ਵੀ ਜੁੜਿਆ ਹੈ। 'ਇਕ ਓਅੰਕਾਰ' ਦਾ ਸਰਬ-ਵਿਆਪੀ ਸੱਚ, 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦਾ ਸੂਤਰੀ ਜੀਵਨ-ਦਰਸ਼ਨ ਅਤੇ 'ਸਰਬੱਤ ਦਾ ਭਲਾ' ਦਾ ਸਮਾਜਿਕ-ਨੈਤਿਕ ਆਦਰਸ਼- ਇਹ ਤਿੰਨੇ ਮਿਲ ਕੇ ਇਕ ਅਜਿਹੀ ਬੁਨਿਆਦ ਸਿਰਜਦੇ ਹਨ ਜੋ ਆਰਥਿਕ ਸਮਾਨਤਾ, ਸਮਾਜਿਕ ਨਿਆਂ ਅਤੇ ਵਾਤਾਵਰਣੀ ਸੰਤੁਲਨ ਨੂੰ ਇਕੋ ਸਮੇਂ ਸੰਬੋਧਿਤ ਕਰਦੀ ਹੈ। 'ਨਿਰਭਉ ਨਿਰਵੈਰੁ' ਦੀ ਭਾਵਨਾ ਜ਼ੁਲਮ ਵਿਰੁੱਧ ਟਾਕਰੇ ਦੀ ਮਾਨਸਿਕਤਾ ਸਿਰਜਦੀ ਹੈ ਅਤੇ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦੀ ਵਾਤਾਵਰਣਕ ਦ੍ਰਿਸ਼ਟੀ ਆਧੁਨਿਕ ਮਨੁੱਖ-ਕੇਂਦਰਵਾਦੀ ਸੋਚ ਦਾ ਸਭ ਤੋਂ ਸਾਰਥਕ ਵਿਕਲਪ ਹੈ। ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਸਾਢੇ ਪੰਜ ਸੌ ਸਾਲ ਪਹਿਲਾਂ ਉਨ੍ਹਾਂ ਹੀ ਸੁਆਲਾਂ ਦੇ ਜਵਾਬ ਦੇ ਚੁੱਕਾ ਸੀ ਜੋ ਅੱਜ ਵਿਸ਼ਵ ਏਜੰਡੇ ਉੱਤੇ ਹਨ। ਇਸ ਲਈ ਇਸ ਚਿੰਤਨ ਦੀ ਸਮਕਾਲੀ ਸੰਦਰਭ ਵਿਚ ਪੁਨਰ-ਵਿਆਖਿਆ ਅਤੇ ਵਿਹਾਰਕ ਪ੍ਰਯੋਗ, ਨਾ ਸਿਰਫ਼ ਪੰਜਾਬ ਲਈ, ਸਗੋਂ ਸਮੁੱਚੇ ਵਿਸ਼ਵ ਲਈ ਅੱਜ ਦੀ ਸਭ ਤੋਂ ਵੱਡੀ ਇਤਿਹਾਸਕ ਲੋੜ ਹੈ।

✧


**www.sanvad.org**
ISSN : 2395-1273